ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ -ਕਮ- ਸਟੇਟ ਪ੍ਰਾਜੈਕਟ ਡਾਇਰੈਕਟਰ (18)
**ਸਮੱਗਰ ਸਿੱਖਿਆ ਅਭਿਆਨ (ਪੰਜਾਬ)**
ਪੰਜਵੀਂ ਮੰਜ਼ਿਲ, ਈ.ਬਲਾਕ, ਸਿੱਖਿਆ ਭਵਨ, ਫੇਜ਼-8, ਸਅਸ ਨਗਰ, ਪੰਜਾਬ-160062
ਵੈਬਸਾਈਟ www.ssapunjab.org, ਈ-ਮੇਲ:nsqfpunjab@punjabeducation gov.in ਫੋਨ ਨੰ: 0172-5212313

ਵੱਲ

**ਸਮੂਹ ਜਿਲਾਂ ਸਿੱਖਿਆ ਅਫਸਰ (ਸੈ.ਸਿ.)**
**ਪੰਜਾਬ।**

ਮੀਮੋ ਨੰ : ਸਮੱਗਰ/NSQF/2020/ 19833 ਮਿਤੀ: 14-08-2020

ਵਿਸ਼ਾ:- **NSDC ਦੀਆਂ ਹਦਾਇਤਾਂ ਦੇ ਮੱਦੇਨਜ਼ਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ** NSQF **ਅਧੀਨ 9ਵੀਂ ਤੋਂ 12ਵੀਂ ਸ੍ਰੈਣੀ ਦੇ ਵਿਦਿਆਰਥੀਆਂ ਲਈ ਦੋ ਸਾਲਾਂ ਦੇ** Pattern **ਤੇ ਵੋਕੇਸ਼ਨਲ ਕੋਰਸ ਲਾਗੂ ਕਰਨ ਸਬੰਧੀ**

*ਹਵਾਲਾ:- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮਿਤੀ 5-3-2020 ਨੂੰ ਜਾਰੀ ਕੀਤਾ ਗਿਆ ਪ੍ਰੈੱਸ ਨੋਟ।*

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮਿਤੀ 5-3-2020 ਨੂੰ ਜਾਰੀ ਹੋਏ ਪ੍ਰੈਸ ਨੋਟ ਤੋਂ ਬਾਅਦ ਕਈ ਸਕੂਲਾਂ ਵੱਲੋਂ **NSQF** ਦੀ ਪੜ੍ਹਾਈ ਸਬੰਧੀ **clarifications** ਮੰਗੀਆਂ ਜਾ ਰਹੀਆਂ ਹਨ, ਜਿਹਨਾਂ ਨੂੰ ਸਪਸ਼ਟ ਕਰਨ ਲਈ ਇਹ ਪੱਤਰ ਜਾਰੀ ਕੀਤਾ ਜਾ ਰਿਹਾ ਹੈ, ਜਿਸ ਦੇ ਵਿਸ਼ੇਸ਼ ਨੁਕਤੇ ਹੇਠ ਅਨੁਸਾਰ ਹਨ:-

1. **NSDC (National Skill Development Council)** ਅਤੇ **MHRD** ਦੀਆਂ ਹਦਾਇਤਾਂ ਦੇ ਸਨਮੁੱਖ **NSQF** ਦੇ ਸਾਰੇ 955 ਸਕੂਲਾਂ ਵਿੱਚ ਚਲਦੀਆਂ ਸਾਰੀਆਂ ਟ੍ਰੇਡਾਂ ਵਿੱਚ ਸਾਲ 2019-20 ਤੋਂ 2 **year pattern** ਸ਼ੁਰੂ ਕਰ ਦਿੱਤਾ ਗਿਆ ਹੈ।
2. ਇਸ ਤਰ੍ਹਾਂ ਪੁਰਾਣੇ ਚਲਦੇ 780 ਸਕੂਲਾਂ ਵਿੱਚ 9ਵੀਂ ਜਮਾਤ ਤੋਂ ਇਹ 2 **year pattern** ਸ਼ੁਰੂ ਕੀਤਾ ਗਿਆ ਹੈ। ਇਹਨਾਂ 780 ਸਕੂਲਾਂ ਵਿੱਚ ਪੁਰਾਣੇ 4 **year pattern** ਅਧੀਨ 2018-19 ਵਿੱਚ ਦਾਖਲ ਹੋਏ ਵਿਦਿਆਰਥੀ ਅਗਲੇ ਸਾਲ ਭਾਵ 2021-22 ਤੱਕ **Phase out** ਹੋ ਜਾਣਗੇ। 2021-22 ਦੌਰਾਨ ਇਹਨਾਂ ਸਕੂਲਾਂ ਦੀ ਗਿਆਰ੍ਹਵੀਂ ਜਮਾਤ ਵਿੱਚ ਸਿੱਧਾ ਦਾਖਲਾ 2 **year pattern** ਅਧੀਨ ਹੋ ਸਕੇਗਾ। **ਇੱਥੇ ਸਪਸ਼ਟ ਕੀਤਾ ਜਾਂਦਾ ਹੈ ਕਿ ਸਾਲ 2014-15 ਤੋਂ 2018-19 ਦੌਰਾਨ ਸ਼ੁਰੂ ਹੋਏ ਪੁਰਾਣੇ 780 ਸਕੂਲਾਂ ਵਿੱਚ ਇਸ ਸਾਲ 2020-21 ਦੌਰਾਨ 11ਵੀਂ ਜਮਾਤ ਵਿੱਚ ਕੋਈ ਵੀ ਸਿੱਧਾ ਦਾਖਲਾ (2 year pattern) ਨਾ ਕੀਤਾ ਜਾਵੇ।**
3. ਇਸੇ ਤਰ੍ਹਾਂ **NSQF** ਅਧੀਨ ਸਾਲ 2019-20 ਵਿੱਚ ਸ਼ੁਰੂ ਹੋਏ 175 ਸਕੂਲਾਂ ਵਿੱਚ ਵੀ 2 **year pattern** 2019-20 ਤੋਂ ਹੀ ਸ਼ੁਰੂ ਕਰ ਦਿੱਤਾ ਗਿਆ ਹੈ। ਇਹਨਾਂ ਸਕੂਲਾਂ ਵਿੱਚ 9ਵੀਂ ਜਮਾਤ ਅਤੇ 11ਵੀਂ ਜਮਾਤ ਦੇ ਸਿੱਧੇ ਦਾਖਲੇ ਤੇ ਇਹ ਪੈਟਰਨ ਲਾਗੂ ਹੋਇਆ ਹੈ, ਜਿਸ ਕਰਕੇ ਮੌਜੂਦਾ ਸਾਲ 2020-21 ਵਿੱਚ ਇਹਨਾਂ ਸਕੂਲਾਂ ਦੇ ਵਿਦਿਆਰਥੀ 10ਵੀਂ ਅਤੇ 12ਵੀਂ ਜਮਾਤ ਵਿੱਚ ਪਹੁੰਚ ਚੁੱਕੇ ਹਨ ਅਤੇ ਇਸ ਸਾਲ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪ੍ਰੀਖਿਆ **2 year pattern** ਅਧੀਨ ਦੇਣਗੇ।

(19)

4. ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਬੀਤੇ ਸਾਲ 2019-20 ਦੌਰਾਨ ਕੁਝ ਪੁਰਾਣੇ ਸਕੂਲਾਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪੱਤਰ ਨੰ: **564 /** ਫੀਂ ਪ੍ਰੋ ਮਿਤੀ 16-09-2019 ਦੇ ਮੱਦੇਨਜ਼ਰ 11ਵੀਂ ਜਮਾਤ ਵਿੱਚ ਸਿੱਧਾ ਦਾਖਲਾ ਕਰ ਲਿਆ ਸੀ। ਇਹ ਵਿਦਿਆਰਥੀ ਹੁਣ 12ਵੀਂ ਜਮਾਤ ਵਿੱਚ ਹੋ ਗਏ ਹਨ ਅਤੇ ਇਹਨਾਂ ਵੱਲੋਂ ਆਪਣੀ ਆਪਣੀ ਟਰੇਡ ਦੇ **final Board exams 2 year pattern** ਦੇ ਅਧਾਰ ਤੇ ਹੀ ਦਿੱਤੇ ਜਾਣਗੇ। ਇਸ ਤਰ੍ਹਾਂ 780 ਪੁਰਾਣੇ ਸਕੂਲਾਂ ਵਿੱਚ 12ਵੀਂ ਜਮਾਤ ਦੇ ਕੁੱਝ ਵਿਦਿਆਰਥੀ 4 **year pattern** ਤੇ ਸਲਾਨਾ ਪ੍ਰੀਖਿਆ ਦੇਣਗੇ ਅਤੇ ਕੁਝ 2 **year patern** ਦੇ ਆਧਾਰ ਤੇ 12ਵੀਂ ਦੀ ਸਲਾਨਾ ਬੋਰਡ ਪ੍ਰੀਖਿਆ ਦੇਣਗੇ। ਇਸ ਫਰਕ ਨੂੰ ਸਮਝਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।

5. ਇੱਥੇ ਇੱਕ ਹੋਰ ਨੁਕਤਾ ਆਪ ਨੂੰ ਸਪਸ਼ਟ ਕੀਤਾ ਜਾਂਦਾ ਹੈ ਕਿ **NSDC** ਵੱਲੋਂ ਸਕਿਉਰਟੀ ਟਰੇਡ ਨੂੰ ਹੁਣ 11ਵੀਂ/12ਵੀਂ ਜਮਾਤ ਵਿੱਚ ਨਹੀਂ ਪੜ੍ਹਾਇਆ ਜਾਣਾ ਹੈ। ਇਹ ਟਰੇਡ ਹੁਣ ਕੇਵਲ 9ਵੀਂ/10ਵੀਂ ਵਿੱਚ ਹੀ ਪੜ੍ਹਾਈ ਜਾਵੇਗੀ। ਸਾਲ 2019-20 ਵਿੱਚ ਸ਼ੁਰੂ ਹੋਏ 175 ਸਕੂਲਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਮੌਜੂਦਾ ਸਾਲ 2020-21 ਤੋਂ ਸਕਿਉਰਟੀ ਟਰੇਡ ਵਿੱਚ ਕਿਸੇ ਵੀ ਵਿਦਿਆਰਥੀ ਨੂੰ 11ਵੀਂ ਵਿੱਚ ਸਿੱਧਾ ਦਾਖਲਾ ਨਾ ਦਿੱਤਾ ਜਾਵੇ। **ਪਰੰਤੂ ਜਿਹੜੇ ਵਿਦਿਆਰਥੀਆਂ ਨੇ ਪਿਛਲੇ ਸਾਲ 11ਵੀਂ ਜਮਾਤ ਵਿੱਚ Security trade ਵਿੱਚ ਸਿੱਧਾ ਦਾਖਲਾ ਲਿਆ ਸੀ, ਉਹਨਾਂ ਨੂੰ 12ਵੀਂ ਜਮਾਤ ਵਿੱਚ ਇਸ ਸਾਲ ਜਾਰੀ ਰੱਖਿਆ ਜਾਵੇ ਅਤੇ ਉਹਨਾਂ ਦੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 2 year pattern ਅਧੀਨ ਸਲਾਨਾ ਪ੍ਰੀਖਿਆ ਲਈ ਜਾਵੇਗੀ।**

6. ਉਕਤ ਹਦਾਇਤਾਂ ਨੂੰ ਹੇਠ ਦਿੱਤੇ ਟੇਬਲ ਨੰ:1 ਵਿੱਚ ਸਪਸ਼ਟ ਕੀਤਾ ਗਿਆ ਹੈ:-

| | **780 schools (Table No. 1)** | | | |
|---|---|---|---|---|
| **Year** | **Session 2018-19 To 2021-22** | **Session 2019-2o To 2020-21** | **Session 2020-21 To 2021-22** | **Session 2021-22 To 2022-23** |
| 2018-19 | 9th (4Year) New - admission | | | |
| 2019-20 | 10th (4 Year) contd | 9th (2Year) New admission | | |
| 2020-21 | 11th (4 Year) contd | 10th (2Year) **pass out OR Option for 11th** | 9th (2Year) New asmission | |
| 2021-22 | 12th (4year) **(Phase Out)** | | 10th (2 year) **Pass out OR Option for 11th** | **9th (2 year) new admission 11th (2 year) (direct admission)** |

ਅਗਲੇ ਸਾਲ 2021-22 ਵਿੱਚ 4 ਸਾਲਾਂ ਪੈਟਰਨ ਮੁਕੰਮਲ ਤੌਰ ਤੇ ਫੇਜ਼ ਆਊਟ (phase out) ਹੋ ਜਾਵੇਗਾ ਅਤੇ ਸਾਰੇ 955 ਸਕੂਲਾਂ ਵਿੱਚ 2 **year pattern** ਦੇ ਆਧਾਰ ਤੇ ਨੌਵੀਂ ਅਤੇ ਗਿਆਰ੍ਹਵੀਂ ਜਮਾਤ ਵਿੱਚ ਸਿੱਧਾ ਦਾਖਲਾ ਹੋਵੇਗਾ।

7. ਮੌਜੂਦਾ ਸਾਲ 2020-21 ਵਿੱਚ ਸਕੂਲਾਂ ਵਿੱਚ ਕਿਹੜਾ examination pattern follow ਕੀਤਾ ਜਾਵੇਗਾ, ਇਸ ਦਾ ਵੇਰਵਾ ਹੇਠ ਦਿੱਤੇ ਟੇਬਲ ਨੰ: 2 ਵਿੱਚ ਦਰਜ ਹੈ:-

**Examination pattern to be followed in Session 2020-21 (Table No.2)**

| School | Class/ Level | Pattern to be followed | Examination |
|---|---|---|---|
| Old 780 Schools | 9th (L1) | 2 year | School-level exam as per 2 year pattern |
| | 10th (L2) | 2 year | Board Exam as per 2 year pattern |
| | 11th(L3) | 4 year | School-level exam as per 4 year pattern |
| | 12th (L4) | 4 year | -Board Exam as per 4 year pattern<br>-In some schools,Board exam as per 2 year pattern |
| New 175 Schools | 9th (L1) | 2 year | School- level exam as per 2 year pattern |
| | 10th (L2) | 2 year | Board Exam as per 2 year pattern |
| | 11th (L3) | 2 year | School-level axam as per 2 year pattern |
| | 12th (L4) | 2 year | Board Exam as per 2 year pattern |

**Note:** No direct admissions in Class 11th (L3) for current session 2020-21 for 780 Schools. As a one time exception, the students directly admitted to class XI last year in 2019-20 will take 12th class exams in March 2020-21 based on 2 year pattern.

15/8

**ਸਹਾਇਕ ਡਾਇਰੈਕਟਰ**

**(ਅਸਟੇਟ ਤੇ ਇਨਫਰਾ)**

ਪਿਠ ਅੰਕਣ ਨੰ:- **ਉਕਤ** ਮਿਤੀ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਸਮੂਹ ਸਬੰਧਤ ਸਕੂਲ ਮੁੱਖੀਆਂ ਨੂੰ ਅਗਲੇਰੀ ਕਾਰਵਾਈ ਹਿੱਤ।
2. ਡਾਇਰੈਕਟਰ (ਅਕਾਦਮਿਕ), ਪੰਜਾਬ ਸਕੂਲ ਸਿੱਖਿਆ ਬੋਰਡ ਸ.ਅ.ਸ.ਨਗਰ (ਮੋਹਾਲੀ) ਨੂੰ ਲੋੜੀਦੀ ਕਾਰਵਾਈ ਕਰਨ ਹਿੱਤ।

**ਸਹਾਇਕ ਡਾਇਰੈਕਟਰ**

**(ਅਸਟੇਟ ਤੇ ਇਨਫਰਾ)**